This question paper contains 3 printed pages]

*Your Roll No*...............

**7866**

# DIPLOMA A

PUNJABI–Paper II

(Texts and History of Punjabi Literature)

*Time* : 3 *Hours* *Maximum Marks* : 100

(*Write your Roll No. on the top immediately on receipt of this question paper.*)

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. 'ਕਥਾ ਕਹਾਣੀ' ਪਾਠ-ਪੁਸਤਕ ਦੀ ਭੂਮਿਕਾ ਵਿਚ ਦਰਜ ਵਿਚਾਰਾਂ ਨਾਲ ਤੁਸੀਂ ਕਿਥੋਂ ਤੀਕ ਸਹਿਮਤ ਹੋ ? ਚਰਚਾ ਕਰੋ ।

ਜਾਂ

'ਕਥਾ ਕਹਾਣੀ' ਪਾਠ-ਪੁਸਤਕ ਨਾਲ ਸੰਬੰਧਤ ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇਕ ਦੇ ਵਿਸ਼ੇ-ਵਸਤੂ ਨਾਲ ਜਾਣ-ਪਛਾਣ ਕਰਾਉ :

ਬਾਗਾਂ ਦਾ ਰਾਖਾ, ਮੰਗੋ, ਗ਼ਰਜ਼ਾਂ ਮਾਰੇ, ਸ਼ੇਰਨੀਆਂ, ਕਾਰ ਖਿਡੌਣਾ, ਗੋਈ । 20

2. 'ਕਥਾ ਕਹਾਣੀ' ਪਾਠ-ਪੁਸਤਕ ਨਾਲ ਸੰਬੰਧਤ ਕਿਹੜੀ ਕਹਾਣੀ ਤੁਹਾਨੂੰ ਸਭ ਤੋਂ ਵਧ ਚੰਗੀ ਲੱਗੀ ਹੈ ਤੇ ਕਿਉਂ ? ਦਲੀਲਾਂ ਦੇ ਕੇ ਸਪੱਸ਼ਟ ਕਰੋ । 20

3. ਹੇਠ ਲਿਖੀਆਂ ਕਵਿ-ਟੁੱਕੜੀਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਵੈਰੀ ਨਾਗ ਤੇਰਾ ਪਹਿਲਾ ਝਲਕਾ,
ਜਦ ਅੱਖੀਆਂ ਵਿਚ ਵਜਦਾ
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕੋ ਸਿੱਜਦਾ ।

(ਅ) ਇਹ ਖ਼ੱਤ ਆਵਣਗੇ ਤਾਂ ਆਖਰ
ਲਿਖ ਲਿਖ ਲੋਕੀਂ ਪਾਵਣਗੇ
ਤੇਰੇ ਚਾਹੇ ਖ਼ਤ ਨੇ ਐਪਰ
ਹੋਰ ਕਿਸੇ ਘਰ ਜਾਵਣਗੇ ।

(ੲ) ਮੇਰਾ ਵੀ ਇਹ ਦਿਲ ਕਰਦਾ ਏ
ਰੁਖ ਦੀ ਜੂਨੇ ਆਵਾਂ,
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁਖਾਂ ਵਿਚ ਗਾਵਾਂ । 20

4. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਵਿਸ਼ੇ ਮੂਲਕ ਅਧਿਐਨ ਪੇਸ਼ ਕਰੋ :

(ੳ) ਇਕ ਲੰਬੀ ਨਜ਼ਮ (ਅੰਮ੍ਰਿਤਾ ਪ੍ਰੀਤਮ)

(ਅ) ਟੁੱਕੜੀ ਜਗ ਤੋਂ ਨਯਾਰੀ (ਭਾਈ ਵੀਰ ਸਿੰਘ)

(ੲ) ਪ੍ਰਭਾਤ ਆਕਾਸ਼ ਵਿਚ (ਪ੍ਰੋ. ਪੂਰਨ ਸਿੰਘ)

(ਸ) ਗੱਜਣ ਸਿੰਘ ਦੀ ਵਾਰ (ਪ੍ਰੋ. ਪੂਰਨ ਸਿੰਘ)

(ਹ) ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ (ਹਰਿਭਜਨ ਸਿੰਘ)

ਜਾਂ

'ਕਾਵਿ ਦੀਖਿਆ' ਪਾਠ-ਪੁਸਤਕ ਦੀ ਭੂਮਿਕਾ ਵਿਚੋਂ, ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਬਾਰੇ ਸਾਨੂੰ ਕੀ ਸੂਚਨਾ ਮਿਲਦੀ ਹੈ ? ਚਰਚਾ ਕਰੋ । 20

5. ਪੰਜਾਬੀ-ਭਾਸ਼ਾ ਦੇ ਨਿਕਾਸ ਦੇ ਵਿਕਾਸ ਬਾਰੇ ਤੁਸੀਂ ਕੀ ਜਾਣਦੇ ਹੋ ? ਭਰਪੂਰ ਨੋਟ ਲਿਖੋ ।

ਜਾਂ

ਆਧੁਨਿਕ ਪੰਜਾਬੀ-ਸਾਹਿਤ ਦੀਆਂ ਮੂਲ ਵਿਸ਼ੇਸ਼ਤਾਵਾਂ ਬਿਆਨ ਕਰੋ ।

ਜਾਂ

ਪੰਜਾਬੀ ਸਾਹਿਤ ਦੀ ਕਾਲ-ਵੰਡ ਉਪਰ ਟਿੱਪਣੀ ਕਰੋ ।

ਜਾਂ

ਗੁਰਮਤਿ-ਕਾਵਿ ਦੀਆਂ ਵਿਸ਼ੇਸ਼ਤਾਵਾਂ ਦਸੋ ।

ਜਾਂ

ਹੇਠ ਲਿਖੇ ਸਾਹਿਤਕਾਰਾਂ ਦੇ ਸਾਹਿਤਕ ਯੋਗਦਾਨ ਉਪਰ ਰੋਸ਼ਨੀ ਪਾਉ :

ਵਾਰਿਸ ਸ਼ਾਹ, ਨਾਨਕ ਸਿੰਘ, ਭਾਈ ਵੀਰ ਸਿੰਘ, ਗੁਰੂ ਅਰਜਨ ਦੇਵ, ਬਲਵੰਤ ਗਾਰਗੀ । 20